# ਤਾਲੀਮ ਦੇ ਉਚ ਅਦਾਰਿਆਂ ਵਿਚ ਰਾਖਵੇਂ ਥਾਂ ਵਧਾਉਣ ਦਾ ਐਲਾਨ ਅਤੇ ਇਹਦੇ ਖ਼ਿਲਾਫ਼ ਮੁਹਿੰਮ

ਪਿਛਲੇ ਕੁਝ ਹਫ਼ਤਿਆਂ ਵਿਚ ਹਿੰਦੁਸਤਾਨ ਦੇ ਕਈ ਸ਼ਹਿਰਾਂ ਵਿਚ ਅਰਜਨ ਸਿੰਘ ਵਲੋਂ ਤਾਲੀਮ ਦੇ ਉੱਚ ਅਦਾਰਿਆਂ ਵਿਚ ਰਾਖਵੇਂ ਥਾਂ ਵਧਾਉਣ ਦੇ ਐਲਾਨ ਖ਼ਿਲਾਫ਼ ਮੁਜ਼ਾਹਰੇ, ਹੜਤਾਲਾਂ ਅਤੇ ਜਲੂਸ ਕੱਢੇ ਗਏ ਹਨ। ਕਈ ਮੈਡੀਕਲ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹੜਤਾਲਾਂ ਕੀਤੀਆਂ ਅਤੇ ਪੁਲਿਸ ਨੇ ਉਨ੍ਹਾਂ ਨੂੰ ਕੁਟਾਪਾ ਚਾੜ੍ਹਿਆ ਹੈ।

ਤਾਲੀਮੀ ਉਚ ਅਦਾਰਿਆਂ ਵਿਚ ਰਾਖਵੇਂ ਥਾਂ ਵਧਾਉਣ ਦੇ ਹਮੈਤੀ ਅਰਜਨ ਸਿੰਘ ਨੂੰ ਦੱਬੇ ਕੁਚਲੇ ਲੋਕਾਂ ਦਾ, ਅਤੇ ਖ਼ਾਸ ਤੌਰ ਤੇ ਦਲਿਤਾਂ ਦਾ, ਮਸੀਹਾ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਐਲਾਨ ਦੀ ਮੁਖ਼ਾਲਿਫ਼ ਧਿਰ ਇਹਨੂੰ ਅਰਜਨ ਸਿੰਘ ਨੂੰ ਇਕ ਸਿਆਸੀ ਮੌਕਾ ਪ੍ਰਸਤੀ ਅਤੇ ਵੋਟ ਬੈਂਕ ਪੱਕੇ ਕਰਨ ਤੇ ਵਧਾਉਣ ਦੀ ਇਕ ਸਿਆਸੀ ਖੇਡ ਦੱਸ ਰਹੇ ਹਨ। ਕਿਆਫ਼ੇ ਲਾਏ ਜਾ ਰਹੇ ਹਨ ਕਿ ਅਰਜਨ ਸਿੰਘ ਕਾਂਗਰਸ ਪਾਰਟੀ ਵਿਚ ਆਪਣੀ ਥਾਂ ਬਣਾਉਣ ਲਈ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਹੱਥ ਮਾਰਨ ਲਈ ਇਹ ਇਕ ਸਿਆਸੀ ਚਾਲ ਖੇਡ ਰਿਹਾ ਹੈ।

ਅਰਜਨ ਸਿੰਘ ਨੇ ਹੜਤਾਲਾਂ ਅਤੇ ਮੁਜ਼ਾਹਰਿਆਂ ਦੇ ਬਾਵਜੂਦ ਰਾਖਵੇਂ ਥਾਂਵਾਂ ਨੂੰ ਵਧਾਉਣ ਵਾਲੀ ਨੀਤੀ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿਤਾ ਹੈ ਅਤੇ ਕਿਹਾ ਹੈ ਕਿ ਕਾਂਗਰਸ ਪਾਰਟੀ ਅਤੇ ਸਰਕਾਰ ਨੂੰ ਇਸ ਬਾਰੇ ਆਪਣੀ ਨੀਤ ਸਾਫ਼ ਕਰਨੀ ਚਾਹੀਦੀ ਹੈ। ਸਰਕਾਰ ਨੇ ਕਿਹਾ ਹੈ ਕਿ ਉਹ ਬਹੁਤ ਛੇਤੀ ਹੀ ਪਿਛੜੇ ਵਰਗਾਂ ਲਈ ਇਕ ਜੁਗਤ ਪੇਸ਼ ਕਰੇਗੀ ਅਤੇ ਇਹਨੇ ਡਾਕਟਰਾਂ ਨੂੰ ਆਪਣੀ ਹੜਤਾਲ ਖ਼ਤਮ ਕਰਨ ਲਈ ਵੀ ਕਿਹਾ ਹੈ। ਅਰਜਨ ਸਿੰਘ ਦਾ ਕਹਿਣਾ ਹੈ ਕਿ ਉਹ ਤਾਂ ਉਹੀ ਕੁਝ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਹਿੰਦੁਸਤਾਨ ਦਾ ਸੰਵਿਧਾਨ ਮੰਗ ਕਰਦਾ ਹੈ। ਕਿਹਾ ਜਾਂਦਾ ਹੈ ਕਿ ਅਰਜਨ ਸਿੰਘ ਦੇ ਇਸ ਪੈਂਤਰੇ ਨੇ ਸੋਨੀਆਂ ਗਾਂਧੀ ਅਤੇ ਮਨਮੋਹਨ ਸਿੰਘ ਨੂੰ ਫਿਕਰ ਵਿਚ ਪਾ ਦਿਤਾ ਹੈ। ਆਮ ਲੋਕ ਮਨਮੋਹਨ ਸਿੰਘ ਸਰਕਾਰ ਨੂੰ ਵੱਡਿਆਂ ਲੋਕਾਂ ਦੀ ਨੁਮਾਇੰਦਾ ਹੀ ਸਮਝਦੇ ਹਨ। ਪਛੜੇ ਵਰਗਾਂ ਲਈ ਰਾਖਵੇਂ ਥਾਵਾਂ ਨੂੰ ਵਧਾਉਣ ਦੇ ਇਸ ਪੈਂਤਰੇ ਨਾਲ ਅਰਜਨ ਸਿੰਘ ਨੇ ਆਮ ਲੋਕਾਂ ਦੀ ਹਮਦਰਦੀ ਜਿੱਤਣ ਅਤੇ ਸਰਕਾਰ ਵਿਚ ਆਪਣੇ ਪੈਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਹਾਕਮ ਜਮਾਤਾਂ ਨੂੰ ਵੀ ਅਰਜਨ ਸਿੰਘ ਦਾ ਇਹ ਪੈਂਤਰਾ ਰਾਸ ਹੈ। ਰੁਜ਼ਗਾਰ, ਇੱਜ਼ਤ ਅਤੇ ਆਜ਼ਾਦੀ ਇਸ ਵੇਲੇ ਲੋਕਾਂ ਦੇ ਘੋਲ ਲਈ ਤੇਜ਼ ਹੋ ਰਹੇ ਹਨ। ਸਾਮਰਾਜ ਅਤੇ ਲੋਟੂਆਂ ਦੇ ਖ਼ਿਲਾਫ਼ ਵੀ ਲੋਕ ਇਕੱਠੇ ਹੋ ਰਹੇ ਹਨ। ਬੀ ਜੇ ਪੀ ਦੇ ਲਿਸ਼ਕਦੇ ਹਿੰਦੁਸਤਾਨ ਦੇ ਨਾਅਰੇ ਦੇ ਬਾਅਦ ਮਨਮੋਹਨ ਸਿੰਘ ਸਰਕਾਰ ਦੇ ਭਾਰਤ ਨਿਰਮਾਣ ਦੇ ਨਾਅਰੇ ਦੀ ਵੀ ਹੁਣ ਫੂਕ ਨਿਕਲ ਗਈ ਹੈ। ਲੋਕ ਆਪਣੀ ਏਕਤਾ ਨੂੰ ਮਜ਼ਬੂਤ ਅਤੇ ਜਦੋਜਹਿਦ ਨੂੰ ਤੇਜ਼ ਕਰ ਰਹੇ ਹਨ। ਦੱਸਿਆ ਜਾਂਦਾ ਹੈ ਕਿ ਹਿੰਦੁਸਤਾਨ ਦੀ ਵਸੋਂ ਦਾ 35 ਫੀ ਸਦੀ ਹਿੱਸਾ ਖਾੜਕੂ ਨਕਸਲੀ ਜਥੇਬੰਦੀਆਂ ਦੇ ਅਸਰ ਹੇਠ ਹੈ। ਇਸ ਵਕਤ ਰਾਜਾ ਅਰਜਨ ਸਿੰਘ ਵਲੋਂ ਰਾਖਵੇਂ ਥਾਂ ਵਧਾਉਣ ਤੇ ਜ਼ੋਰ ਦੇਣਾ ਅਚਾਨਕ ਨਹੀਂ। ਹਾਕਮ ਜਮਾਤਾਂ ਹਮੇਸ਼ਾਂ ਹੀ ਲੋਕਾਂ ਵਿਚ ਧਰਮ, ਜ਼ਾਤ, ਬੋਲੀ, ਇਲਾਕੇ ਅਤੇ ਹੋਰ ਕਈ ਆਧਾਰਾਂ ਤੇ ਫੁੱਟ ਪਾਉਣ ਦੀਆਂ ਮਾਹਿਰ ਹਨ। ਇਹ ਇਨ੍ਹਾਂ ਦੇ ਰਾਜਤੰਤ੍ਰ ਅਤੇ ਰਾਜ ਦਾ ਇਕ ਅਨਿਖੜਵਾਂ ਹਿੱਸਾ ਹੈ। ਰਾਜਾ ਅਰਜਨ ਸਿੰਘ ਨੇ ਇਹ ਹਥਿਆਰ ਇਸ ਵੇਲੇ ਲੋਕਾਂ ਦੀ ਜਦੋਜਹਿਦ ਨੂੰ ਸੱਟ ਮਾਰਣ ਲਈ ਤੇ ਇਸ ਰਾਜਤੰਤ੍ਰ ਨੂੰ ਬਰਕਰਾਰ ਰੱਖਣ ਲਈ ਹੀ ਵਰਤਿਆ ਹੈ। ਇਸ ਨਾਲ ਲੋਕਾਂ ਦਾ ਨੁਕਸਾਨ ਹੋਵੇਗਾ ਅਤੇ ਹਾਕਮ ਜਮਾਤਾਂ ਦਾ ਰਾਜਤੰਤ੍ਰ ਤੇ ਰਾਜ ਉਸ ਤਰਾਂ ਹੀ ਕਾਇਮ ਰਹਿਣਗੇ। ਇਹ ਹਰਬਾ ਲੋਕਾਂ ਦੀ ਤਾਕਤ ਕਮਜ਼ੋਰ ਕਰਨ ਲਈ ਹੀ ਵਰਤਿਆ ਜਾ ਰਿਹਾ ਹੈ।

ਲੋਕਾਂ ਨੂੰ ਚੌਕਸ ਰਹਿ ਕੇ ਇਸ ਚਾਲ ਅਤੇ ਖ਼ਤਰੇ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਨੂੰ ਇੱਕ ਮੁੱਠ ਹੋਕੇ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਵੱਡੀ ਪੁਲਾਂਘ ਪੁੱਟਣ ਦੀ ਲੋੜ ਹੈ। ਅਰਜਨ ਸਿੰਘ ਦਾ ਪੈਂਤਰਾ ਉਨ੍ਹਾਂ ਨੂੰ ਇਕ ਦੂਜੇ ਖ਼ਿਲਾਫ਼ ਲੜਾਉਣ ਅਤੇ ਕੁਰਾਹੇ ਪਾਉਣ ਦਾ ਤੇ ਹਾਕਮ ਜਮਾਤਾਂ ਦਾ ਰਾਜ ਬਰਕਰਾਰ ਰੱਖਣ ਲਈ ਇਕ ਪੈਂਤਰਾ ਹੈ ਜਿਸ ਦੇ ਖ਼ਿਲਾਫ਼ ਲੋਕਾਂ ਦੇ ਸੰਘਰਸ਼ ਤੇਜ਼ ਹੋ ਰਹੇ ਹਨ।

ਜ਼ਾਤ ਪਾਤ ਅਤੇ ਇਹਦੇ ਆਧਾਰ ਤੇ ਵਿਤਕਰਾ ਹਿੰਦੁਸਤਾਨ ਦੇ ਸਮਾਜ ਦਾ ਇਕ ਕੋਹੜ ਹੈ ਜਿਸ ਨੂੰ ਲੋਕ ਆਪਣੀ ਏਕਤਾ ਅਤੇ ਜਾਗਰਤੀ ਨਾਲ ਹੀ ਦੂਰ ਕਰ ਸਕਦੇ ਹਨ। ਹਾਕਮ ਜਮਾਤਾਂ ਦੇ ਰਾਜਤੰਤ੍ਰ, ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੀ ਸਰਕਾਰ ਨੇ ਹੀ ਜ਼ਾਤ ਪਾਤ ਨੂੰ ਅਤੇ ਜ਼ਾਤਪਾਤ ਦੇ ਆਧਾਰ ਤੇ ਹੁੰਦੇ ਵਿਤਕਰੇ ਨੂੰ ਬਰਕਰਾਰ ਰੱਖਿਆ ਹੈ ਕਿਉਂਕਿ ਲੋਕਾਂ ਨੂੰ ਪਾੜਣ ਦਾ ਇਹ ਇਕ ਹਥਿਆਰ ਹੈ ਹਾਕਮਾਂ ਦੇ ਹੱਥ ਵਿਚ। ਅੰਗ੍ਰੇਜ਼ਾਂ ਨੇ ਵੀ ਇਸ ਨੂੰ ਆਪਣੇ ਹਿੱਤਾਂ ਲਈ ਬਰਕਰਾਰ ਰਖਿਆ ਸੀ। ਹੋਰਨਾਂ ਮਸਲਿਆਂ ਵਾਂਗ ਹੀ ਇਸ ਮਸਲੇ ਦਾ ਹੱਲ ਵੀ ਲੋਕ ਆਪ ਹੀ ਕਰ ਸਕਦੇ ਹਨ। ਰਾਜ ਅਤੇ ਸਰਕਾਰ ਇਸ ਮਸਲੇ ਨੂੰ ਵੀ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ। ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜਤੰਤ੍ਰ ਅਤੇ ਸਿਆਸੀ ਪਾਰਟੀਆਂ ਨੇ ਇਸ ਮਸਲੇ ਨੂੰ ਵੀ ਵੋਟਾਂ ਲੈਣ ਲਈ ਹੀ ਵਰਤਿਆ ਹੈ।